Australian Government

# ਬਹੁ-ਸਭਿਆਚਾਰਕ ਆਸਟ੍ਰੇਲੀਆ ਵਿੱਚ ਹਰ ਕਿਸੇ ਲਈ ਨਿਰਪੱਖਤਾ ਨੂੰ ਉਤਸ਼ਾਹਿਤ ਕਰਨਾ

## ਰਿਪੋਰਟ ਦਾ ਸੰਖੇਪ

ਬਹੁ-ਸਭਿਆਚਾਰਕ ਢਾਂਚੇ (ਮਲਟੀਕਲਚਰਲ ਫਰੇਮਵਰਕ) ਦੀ ਸਮੀਖਿਆ ਪੀੜ੍ਹੀ-ਦਰ-ਪੀੜ੍ਹੀ ਸੁਧਾਰ ਕਾਰਜ-ਸੂਚੀ (ਏਜੰਡਾ) ਹੈ ਜਿਸ ਲਈ ਸਰਕਾਰ-ਵਿਆਪੀ ਅਤੇ ਭਾਈਚਾਰਕ ਪਹੁੰਚ ਦੀ ਲੋੜ ਹੁੰਦੀ ਹੈ ਜੋ ਆਸਟ੍ਰੇਲੀਆ ਨੂੰ ਬਹੁਤ ਸਾਰੇ ਸਭਿਆਚਾਰਾਂ, ਵਿਸ਼ਵਾਸਾਂ ਅਤੇ ਵਿਭਿੰਨ ਜੀਵਨ ਤਜ਼ਰਬਿਆਂ ਨਾਲ ਬਣੇ ਰਾਸ਼ਟਰ ਵਜੋਂ ਆਪਣੀ ਪੂਰੀ ਸਮਰੱਥਾ ਦਾ ਅਹਿਸਾਸ ਕਰਨ ਲਈ ਸਮਰੱਥ ਬਣਾਵੇਗੀ।

ਆਸਟ੍ਰੇਲੀਆ ਦੀ ਸਰਕਾਰ ਨੂੰ ਇਹ ਰਿਪੋਰਟ ਸੌਂਪਣ ਵਾਸਤੇ ਇਹ ਸਮੀਖਿਆ ਆਸਟ੍ਰੇਲੀਆ ਭਰ ਵਿੱਚ ਕੀਤੇ ਗਏ 216 ਜਨਤਕ ਸਲਾਹ-ਮਸ਼ਵਰਿਆਂ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ 'ਤੇ ਆਧਾਰਿਤ ਸੀ। ਇਹ ਯਕੀਨੀ ਬਣਾਉਣ ਲਈ ਕਿ ਸਾਰੀਆਂ ਪੀੜ੍ਹੀਆਂ ਨੂੰ ਸ਼ਾਮਲ ਕੀਤਾ ਗਿਆ ਸੀ, ਇਸ ਪੈਨਲ ਨੇ 796 ਜਨਤਕ ਤੌਰ 'ਤੇ ਜਮ੍ਹਾਂ ਕਰਵਾਈਆਂ ਗਈਆਂ ਰਾਏ-ਸੁਝਾਵਾਂ ਦੀਆਂ ਬੇਨਤੀਆਂ (ਜਿਸ ਵਿਚ 15% ਬੇਨਤੀਆਂ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਸਨ) 'ਤੇ ਵੀ ਵਿਚਾਰ ਕੀਤਾ ਅਤੇ ਬੱਚਿਆਂ ਅਤੇ ਨੌਜਵਾਨਾਂ ਲਈ ਇਕ ਕਲਾ ਮੁਕਾਬਲੇ ਦਾ ਆਯੋਜਨ ਕੀਤਾ ਸੀ।

ਫ਼ੈਸਲਾ ਲੈਣ ਦੀਆਂ ਪ੍ਰਕਿਰਿਆਵਾਂ ਦਾ ਹਿੱਸਾ ਬਣਨ, ਸਰਕਾਰ ਦੇ ਸੰਬੰਧਿਤ ਪੱਧਰਾਂ ਨਾਲ ਰਲ ਕੇ ਡਿਜ਼ਾਈਨ ਅਤੇ ਤਿਆਰ ਕਰਨ ਅਤੇ ਜ਼ਿੰਮੇਵਾਰੀ ਅਤੇ ਜਵਾਬਦੇਹੀ ਨੂੰ ਸਾਂਝਾ ਕਰਨ ਦੀ ਆਪਣੀ ਇੱਛਾ ਬਾਰੇ ਦੱਸਦੇ ਸਮੇਂ ਭਾਈਚਾਰਿਆਂ ਨੇ ਪੈਨਲ ਨਾਲ ਮਜ਼ਬੂਤੀ ਨਾਲ, ਇਕਜੁੱਟ ਆਵਾਜ਼ ਵਿੱਚ ਗੱਲ ਕੀਤੀ।

ਇਨ੍ਹਾਂ ਮੁੱਦਿਆਂ ਨੂੰ ਇਕੱਲੇ ਭਾਈਚਾਰਿਆਂ, ਖੇਤਰਾਂ, ਸੰਸਥਾਵਾਂ ਅਤੇ ਸੰਗਠਨਾਂ ਜਾਂ ਸਿਰਫ ਇਕ ਉਮਰ ਦੇ ਸਮੂਹ ਦੁਆਰਾ ਦੁਆਰਾ ਹੱਲ ਨਹੀਂ ਕੀਤਾ ਜਾ ਸਕਦਾ ਹੈ। ਆਸਟ੍ਰੇਲੀਆ ਵਿੱਚ ਹਰ ਕੋਈ ਸ਼ਮੂਲੀਅਤ ਵਾਲੇ ਸਮਾਜ ਲਈ ਜ਼ਿੰਮੇਵਾਰ ਹੈ; ਸਾਡੀਆਂ ਕੰਮ ਦੀਆਂ ਜਗ੍ਹਾਵਾਂ, ਸਮਾਜਿਕ ਮੇਲ-ਜੋਲ ਵਿੱਚ, ਔਨਲਾਈਨ ਜਾਂ ਵਿਅਕਤੀਗਤ ਤੌਰ 'ਤੇ, ਹਰ ਕਿਸੇ ਨੂੰ ਸ਼ਮੂਲੀਅਤ, ਨਿਰਪੱਖਤਾ, ਆਦਰ ਅਤੇ ਬਰਾਬਰੀ ਲਈ ਮਨੁੱਖੀ ਅਧਿਕਾਰਾਂ ਵਾਲੀ ਪਹੁੰਚ ਅਪਣਾਉਣੀ ਚਾਹੀਦੀ ਹੈ।

ਸਾਰੀ ਸਰਕਾਰ ਵਿੱਚ ਸਾਂਝੀ ਮਲਕੀਅਤ ਅਤੇ ਵਚਨਬੱਧਤਾ ਨੂੰ ਯਕੀਨੀ ਬਣਾਉਣ ਲਈ, ਇਸ ਰਿਪੋਰਟ ਵਿੱਚ ਆਸਟ੍ਰੇਲੀਆ ਦੀ ਸਰਕਾਰ ਨੂੰ 29 ਸਿਫਾਰਸ਼ਾਂ ਨੂੰ ਲਾਗੂ ਕਰਨ ਨੂੰ ਤਰਜੀਹ ਦੇਣ ਲਈ ਕਿਹਾ ਗਿਆ ਹੈ।

ਇਨ੍ਹਾਂ ਸਿਫਾਰਸ਼ਾਂ ਦੇ ਆਧਾਰ 'ਤੇ, ਅਸੀਂ ਬਹੁ-ਸਭਿਆਚਾਰਕ ਢਾਂਚੇ ਲਈ ਇਕ ਰਣਨੀਤਕ ਯੋਜਨਾ ਦਾ ਪ੍ਰਸਤਾਵ ਪੇਸ਼ ਕਰਦੇ ਹਾਂ। ਇਸ ਰਣਨੀਤਕ ਯੋਜਨਾ ਦਾ ਉਦੇਸ਼, ਸਹੀ ਸੰਸਥਾਗਤ ਹਾਲਾਤਾਂ ਦੇ ਨਾਲ, ਸਾਰਿਆਂ ਲਈ ਸਫ਼ਲ, ਨਿਰਪੱਖ ਬਹੁ-ਸਭਿਆਚਾਰਕ ਆਸਟ੍ਰੇਲੀਆ ਨੂੰ ਕਾਇਮ ਰੱਖਣ ਲਈ ਲੋੜੀਂਦੀ ਨਿਰੰਤਰਤਾ ਪ੍ਰਦਾਨ ਕਰਨਾ ਹੈ। ਲੋੜੀਂਦੇ ਅੰਕੜਿਆਂ, ਖੋਜ ਅਤੇ ਰਿਪੋਰਟਾਂ ਦੇ ਆਧਾਰ 'ਤੇ, ਇਹ ਰਣਨੀਤਕ ਯੋਜਨਾ ਹੇਠ ਲਿਖਿਆਂ ਦੀ ਰੂਪਰੇਖਾ ਤਿਆਰ ਕਰਦੀ ਹੈ:

## ਸੰਪਰਕਾਂ ਰਾਹੀ ਨੀਹਾਂ ਤਿਆਰ ਕਰਨਾ

- ਸਮਾਜਿਕ ਏਕਤਾ, ਸਭਿਆਚਾਰਕ ਪਛਾਣ, ਮੌਕਿਆਂ ਦੀ ਬਰਾਬਰੀ 'ਤੇ ਅਧਾਰਿਤ ਬਹੁ-ਸਭਿਆਚਾਰਵਾਦ ਪ੍ਰਤੀ ਦੋਨਾਂ ਪਾਰਟੀਆਂ ਦੁਆਰਾ ਰਾਸ਼ਟਰੀ ਵਚਨਬੱਧਤਾ
- ਇਸ ਫਰੇਮਵਰਕ ਨੂੰ ਲਾਗੂ ਕਰਨ ਦੀ ਅਗਵਾਈ ਕਰਨ ਲਈ ਸਿਫ਼ਾਰਿਸ਼ ਕੀਤੇ ਬਹੁ-ਸਭਿਆਚਾਰਕ ਆਸਟ੍ਰੇਲੀਆ ਕਮਿਸ਼ਨ ਦੇ ਨਾਲ ਮਜ਼ਬੂਤ ਅਗਵਾਈ ਅਤੇ ਜਵਾਬਦੇਹੀ।
- ਬਹੁ-ਸਭਿਆਚਾਰਕ ਮਾਮਲਿਆਂ, ਪ੍ਰਵਾਸ ਅਤੇ ਨਾਗਰਿਕਤਾ ਦੇ ਸਮਰਪਿਤ ਵਿਭਾਗ ਰਾਹੀਂ ਰਣਨੀਤਕ ਯੋਜਨਾਬੰਦੀ ਅਤੇ ਤਾਲਮੇਲ
- ਦੇਸ਼ ਅਤੇ ਭਾਈਚਾਰੇ, ਬਹੁ-ਸਭਿਆਚਾਰਕ ਮੰਤਰੀ ਦੀਆਂ ਮੁਲਾਕਾਤਾਂ ਅਤੇ ਬਹੁ-ਸਭਿਆਚਾਰਕ ਭਾਈਚਾਰਕ ਸਲਾਹਕਾਰ ਪ੍ਰੀਸ਼ਦ ਦੇ ਵਿੱਚਕਾਰ ਸਹਿਯੋਗ

## ਪਛਾਣ ਅਤੇ ਆਪਣੇਪਣ ਰਾਹੀ ਸਵਾਗਤਯੋਗ ਆਸਟ੍ਰੇਲੀਆ ਨੂੰ ਤਿਆਰ ਕਰਨਾ

- ਸਦਭਾਵਨਾ ਹਫ਼ਤੇ ਸਮੇਤ ਬਹੁ-ਸਭਿਆਚਾਰਵਾਦ ਦਾ ਜਸ਼ਨ ਮਨਾਉਣ ਅਤੇ ਨਸਲੀ ਭੇਦਭਾਵ ਦੇ ਖ਼ਾਤਮੇ ਲਈ ਸੰਯੁਕਤ ਰਾਸ਼ਟਰ ਅੰਤਰਰਾਸ਼ਟਰੀ ਦਿਵਸ ਨੂੰ ਰਸਮੀ ਤੌਰ 'ਤੇ ਮਨਾਉਣ ਲਈ ਰਾਸ਼ਟਰੀ ਯੋਜਨਾ
- ਸਮਾਜਿਕ ਆਰਥਿਕ ਨਤੀਜਿਆਂ ਲਈ ਚਿਰ-ਟਿਕਾਊ ਰਾਸ਼ਟਰੀ ਭਾਸ਼ਾ ਨੀਤੀ ਲਾਗੂ ਕਰਨਾ
- ਨਵਿਆਈ ਹੋਈ ਨਾਗਰਿਕਤਾ ਪ੍ਰਕਿਰਿਆ ਜੋ ਆਧੁਨਿਕ, ਬਹੁ-ਸਭਿਆਚਾਰਕ ਰਾਸ਼ਟਰ ਨੂੰ ਦਰਸਾਉਂਦੀ ਹੈ
- ਸੁਤੰਤਰ ਅਤੇ ਵਿਭਿੰਨਤਾ ਵਾਲਾ ਮੀਡੀਆ ਖੇਤਰ
- ਕਲਾਵਾਂ ਅਤੇ ਖੇਡਾਂ ਰਾਹੀਂ ਸਮਾਜਿਕ ਤਬਦੀਲੀ ਲਿਆਉਣ ਲਈ ਭਾਈਚਾਰਕ ਸੰਗਠਨਾਂ ਅਤੇ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਨਿਵੇਸ਼ ਕਰਨਾ
- ਪਹਿਲੇ ਰਾਸ਼ਟਰ (ਫ਼ਸਟ ਨੇਸ਼ਨਜ਼) ਦੇ ਇਤਿਹਾਸ ਦੀ ਆਸਟ੍ਰੇਲੀਆ-ਵਿਆਪਕ ਸਮਝ ਨੂੰ ਡੂੰਘਾ ਕਰਨ ਲਈ ਪਹਿਲਕਦਮੀਆਂ ਵਿਕਸਿਤ ਕਰਨਾ, ਜਿਵੇਂ ਕਿ ਨਾਗਰਿਕਤਾ ਪ੍ਰਕਿਰਿਆਵਾਂ, ਨਾਗਰਿਕ ਹਿੱਸੇਦਾਰੀ, ਸਥਾਈ ਨਿਵਾਸ ਲੈਣ ਅਤੇ ਸਿੱਖਿਆ ਦੇ ਰਸਤੇ ਰਾਹੀਂ ਪੇਸ਼ ਕੀਤਾ ਗਿਆ ਇਤਿਹਾਸ

## ਸਹਯੋਗ ਭਰੀ ਸਮੂਲੀਅਤ ਰਾਹੀ ਸੇਵਾਵਾਂ ਵਿੱਚ ਸੁਧਾਰ ਕਰਨਾ

- ਸਿਹਤ, ਅਪੰਗਤਾ, ਸਿੱਖਿਆ, ਬਜ਼ੁਰਗਾਂ ਦੀ ਦੇਖਭਾਲ ਅਤੇ ਰਿਹਾਇਸ਼ ਸਮੇਤ ਸਭਿਆਚਾਰਕ ਤੌਰ 'ਤੇ ਜਵਾਬਦੇਹ ਸੇਵਾਵਾਂ ਨੂੰ ਸ਼ਾਮਲ ਕਰਨਾ
- ਆਸਟ੍ਰੇਲੀਆ ਦੀ ਪਬਲਿਕ ਸਰਵਿਸ ਵਿੱਚ ਸਭਿਆਚਾਰਕ ਸਮਰੱਥਾ ਦਾ ਵਿਕਾਸ, ਜੋ APSC ਦੁਆਰਾ ਜਵਾਬਦੇਹੀ ਵਾਲੀ ਅਗਵਾਈ ਰਾਹੀਂ ਚਲਾਇਆ ਜਾਂਦਾ ਹੈ
- ਟਿਕਾਊਪਣ ਅਤੇ ਨਿਸ਼ਚਤਤਾ 'ਤੇ ਕੇਂਦ੍ਰਿਤ ਆਧੁਨਿਕ ਬਹੁ-ਸਭਿਆਚਾਰਕ ਗ੍ਰਾਂਟ ਪ੍ਰੋਗਰਾਮ
- ਸਭਿਆਚਾਰਕ ਅਤੇ ਡਿਜ਼ਿਟਲ ਪਾੜੇ ਨੂੰ ਦੂਰ ਕਰਨ ਲਈ ਰਣਨੀਤੀ ਤਿਆਰ ਕਰਨੀ ਅਤੇ ਲਾਗੂ ਕਰਨੀ
- ਨੌਜਵਾਨਾਂ ਅਤੇ ਦਿਹਾਤੀ ਭਾਈਚਾਰਿਆਂ ਦੀਆਂ ਵਿਲੱਖਣ ਲੋੜਾਂ 'ਤੇ ਧਿਆਨ ਕੇਂਦ੍ਰਿਤ ਕਰਨਾ
- ਬਹੁ-ਸਭਿਆਚਾਰਕ ਨੀਤੀ ਅਤੇ ਸੇਵਾ ਲਈ ਅੰਤਰ-ਸੰਗਠਿਤ ਅਤੇ ਲਿੰਗ ਸਮਾਨਤਾ ਵਾਲੀ ਦ੍ਰਿਸ਼ਟੀ ਲਾਗੂ ਕਰਨਾ।